clydebank housing association

**Scottish Secure Tenancy Information Leaflet in Punjabi**

This information is about your rights as a tenant

ਇਹ ਸੂਚਨਾ ਇਕ ਕਿਰਾਏਦਾਰ ਵਜੋਂ ਤੁਹਾਡੇ ਅਧਿਕਾਰਾਂ ਸੰਬੰਧੀ ਹੈ

This is for everyone who rents their house from the council or from a housing association. You are the tenant.

Your landlord is: Clydebank Housing Association

Both of you have signed a tenancy agreement about this.
A tenancy agreement is a legally binding contract.

Ask your landlord for a copy of the Tenant's Handbook.

ਇਹ ਸੂਚਨਾ ਹਰ ਉਸ ਵਿਅਕਤੀ ਲਈ ਹੈ ਜਿਸਨੇ ਕੌਂਸਲ ਕੋਲੋਂ ਜਾਂ ਕਿਸੇ ਆਵਾਸ ਐਸੋਸੀਏਸ਼ਨ ਕੋਲੋਂ ਮਕਾਨ ਕਿਰਾਏ 'ਤੇ ਲਿਆ ਹੋਇਆ ਹੈ। ਤੁਸੀਂ ਕਿਰਾਏਦਾਰ ਹੋ।

ਤੁਹਾਡਾ ਮਕਾਨ ਮਾਲਕ ਹੈ : Clydebank Housing Association

ਤੁਸੀਂ ਦੋਹਾਂ ਨੇ ਇਸ ਸੰਬੰਧ ਵਿਚ ਕਿਰਾਏਦਾਰੀ ਦੇ ਇਕ ਇਕਰਾਰਨਾਮੇ 'ਤੇ ਦਸਤਖ਼ਤ ਕੀਤੇ ਹੋਏ ਹਨ।
ਕਿਰਾਏਦਾਰੀ ਦੇ ਇਕਰਾਰਨਾਮੇ ਦੀ ਪਾਲਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ।

ਆਪਣੇ ਮਕਾਨ ਮਾਲਕ ਕੋਲੋਂ ਕਿਰਾਏਦਾਰਾਂ ਲਈ ਦਸਤੀ ਕਿਤਾਬ ਦੀ ਕਾਪੀ ਮੰਗੋ।

Things you must do

ਉਹ ਕੰਮ ਜੋ ਤੁਹਾਡੇ ਲਈ ਕਰਨੇ ਜ਼ਰੂਰੀ ਹਨ

You must pay your rent – but you may get help.

You must let people come into your house to do repairs.

Remember if someone comes to your door, do not let them in until you are sure you know who they are!

You must take care of your house and garden.

clydebank housing association

## Scottish Secure Tenancy Information Leaflet in Punjabi

ਤੁਹਾਡੇ ਲਈ ਕਿਰਾਇਆ ਅਦਾ ਕਰਨਾ ਜ਼ਰੂਰੀ ਹੈ - ਪਰ ਤੁਹਾਨੂੰ ਇਸ ਵਿਚ ਮਦਦ ਮਿਲ ਸਕਦੀ ਹੈ।

ਤੁਹਾਨੂੰ ਮੁਰੰਮਤ ਦੇ ਕੰਮ ਲਈ ਆਉਣ ਵਾਲਿਆਂ ਨੂੰ ਮਕਾਨ ਵਿਚ ਦਾਖ਼ਲ ਹੋਣ ਦੇਣਾ ਚਾਹੀਦਾ ਹੈ।

ਯਾਦ ਰਖੋ, ਜੇਕਰ ਕੋਈ ਤੁਹਾਡੇ ਦਰਵਾਜ਼ੇ 'ਤੇ ਆਉਂਦਾ ਹੈ, ਤਾਂ ਤੁਸੀਂ ਉਸਨੂੰ ਅੰਦਰ ਨਾ ਆਉਣ ਦਿਉ, ਜਦ ਤਕ ਤੁਹਾਨੂੰ ਪੱਕਾ ਪਤਾ ਨਾ ਹੋਏ ਕਿ ਉਹ ਕੌਣ ਹੈ!

ਤੁਹਾਨੂੰ ਆਪਣੇ ਮਕਾਨ ਅਤੇ ਬਾਗ਼ੀਚੇ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

### Things you must not do

**ਉਹ ਗੱਲਾਂ ਜੋ ਤੁਹਾਨੂੰ ਨਹੀਂ ਕਰਨੀਆਂ ਚਾਹੀਦੀਆਂ**

You must not disturb your neighbours.

You must not move away without telling your landlord.
You must not move away without giving 1 months notice

ਤੁਹਾਨੂੰ ਆਪਣੇ ਗੁਆਂਢੀਆਂ ਲਈ ਖ਼ਲਲ ਨਹੀਂ ਪੈਦਾ ਕਰਨਾ ਚਾਹੀਦਾ।

ਤੁਹਾਨੂੰ ਮਕਾਨ ਮਾਲਕ ਨੂੰ ਦੱਸੇ ਬਗ਼ੈਰ ਮਕਾਨ ਛੱਡ ਕੇ ਨਹੀਂ ਜਾਣਾ ਚਾਹੀਦਾ।

ਤੁਹਾਨੂੰ (1) ਮਹੀਨੇ ਦਾ ਨੋਟਿਸ ਦਿੱਤੇ ਬਿਨਾਂ ਮਕਾਨ ਛੱਡ ਕੇ ਨਹੀਂ ਜਾਣਾ ਚਾਹੀਦਾ।

### What to do if you have a problem:

**ਜੇ ਤੁਹਾਨੂੰ ਕੋਈ ਮੁਸ਼ਕਲ ਹੋਵੇ, ਤਾਂ ਕੀ ਕਰੋ**

If you have a problem you can talk to your landlord.

If your neighbours annoy you, you should tell your landlord.

If the landlord does not sort out the problem you can complain.

Your landlord must tell you how to complain.

ਜੇ ਤੁਹਾਨੂੰ ਕੋਈ ਮੁਸ਼ਕਲ ਪੇਸ਼ ਆਏ ਤਾਂ ਆਪਣੇ ਮਕਾਨ ਮਾਲਕ ਨਾਲ ਗੱਲ ਕਰ ਸਕਦੇ ਹੋ।

ਜੇ ਤੁਹਾਡੇ ਗੁਆਂਢੀ ਤੁਹਾਨੂੰ ਤੰਗ ਕਰਦੇ ਹਨ, ਤਾਂ ਤੁਹਾਨੂੰ ਆਪਣੇ ਮਕਾਨ ਮਾਲਕ ਨੂੰ ਦੱਸਣਾ ਚਾਹੀਦਾ ਹੈ।

ਜੇ ਮਕਾਨ ਮਾਲਕ ਮੁਸ਼ਕਲ ਹਲ ਨਹੀਂ ਕਰਦਾ ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ।

ਤੁਹਾਡੇ ਮਕਾਨ ਮਾਲਕ ਨੂੰ ਜ਼ਰੂਰ ਇਹ ਦੱਸਣਾ ਚਾਹੀਦਾ ਹੈ, ਕਿ ਤੁਸੀਂ ਕਿਵੇਂ ਸ਼ਿਕਾਇਤ ਕਰੋ।

clydebank housing association

## Scottish Secure Tenancy Information Leaflet in Punjabi

Things your landlord must do

ਉਹ ਕੰਮ ਜੋ ਤੁਹਾਡੇ ਮਕਾਨ ਮਾਲਕ ਲਈ ਕਰਨੇ ਜ਼ਰੂਰੀ ਹਨ

Your landlord must do repairs.

Your landlord must consult you before he puts up the rent.

Your landlord must stop unacceptable behaviour by other tenants.

ਤੁਹਾਡੇ ਮਕਾਨ ਮਾਲਕ ਲਈ ਮੁਰੰਮਤ ਦਾ ਕੰਮ ਕਰਾਉਣਾ ਜ਼ਰੂਰੀ ਹੈ।

ਤੁਹਾਡੇ ਮਕਾਨ ਮਾਲਕ ਲਈ ਕਿਰਾਇਆ ਵਧਾਉਣ ਤੋਂ ਪਹਿਲਾਂ ਤੁਹਾਡੇ ਨਾਲ ਮਸ਼ਵਰਾ ਕਰਨਾ ਜ਼ਰੂਰੀ ਹੈ।

ਤੁਹਾਡੇ ਮਕਾਨ ਮਾਲਕ ਨੂੰ ਦੂਜੇ ਕਿਰਾਏਦਾਰਾਂ ਦਾ ਅਨੁਚਿਤ ਵਿਹਾਰ ਜ਼ਰੂਰ ਬੰਦ ਕਰਾਉਣਾ ਚਾਹੀਦਾ ਹੈ।

Things to ask your landlord before you sign

ਉਹ ਗੱਲਾਂ ਜੋ ਤੁਹਾਨੂੰ ਦਸਤਖ਼ਤ ਕਰਨ ਤੋਂ ਪਹਿਲਾਂ ਮਕਾਨ ਮਾਲਕ ਕੋਲੋਂ ਪੁਛਣੀਆਂ ਚਾਹੀਦੀਆਂ ਹਨ

Can I keep a pet?

Can I have other people living in my house?

Can I swap my house with someone else?

Which things will he repair?

Can I buy my house?

What happens to my house when I die?

clydebank housing association

## Scottish Secure Tenancy Information Leaflet in Punjabi

ਕੀ ਮੈਂ ਕੋਈ ਪਾਲਤੂ ਜਾਨਵਰ ਰੱਖ ਸਕਦਾ ਹਾਂ ?

ਕੀ ਮਕਾਨ ਵਿਚ ਮੇਰੇ ਨਾਲ ਹੋਰ ਵਿਅਕਤੀ ਰਹਿ ਸਕਦੇ ਹਨ ?

ਕੀ ਮੈਂ ਆਪਣਾ ਮਕਾਨ ਕਿਸੇ ਹੋਰ ਨਾਲ ਬਦਲ ਸਕਦਾ ਹਾਂ ?

ਉਹ ਕਿਨ੍ਹਾਂ ਚੀਜ਼ਾਂ ਦੀ ਮੁਰੰਮਤ ਕਰਵਾਏਗਾ ?

ਕੀ ਮੈਂ ਆਪਣਾ ਮਕਾਨ ਖ਼ਰੀਦ ਸਕਦਾ ਹਾਂ ?

ਮੇਰੇ ਮਰਨ ਤੋਂ ਬਾਅਦ ਮੇਰੇ ਮਕਾਨ ਦਾ ਕੀ ਹੋਏਗਾ ?

### Moving out

**ਮਕਾਨ ਛੱਡਕੇ ਜਾਣਾ**

If you want to move out you must let your landlord know.
You must give notice.

If you keep the rules you can live in your house as long as you want.

ਜੇ ਤੁਸੀਂ ਮਕਾਨ ਛੱਡਕੇ ਹੋਰ ਕਿਸੇ ਥਾਂ ਜਾਣਾ ਚਾਹੁੰਦੇ ਹੋ, ਤਾਂ ਤੁਹਾਨੂੰ ਮਕਾਨ ਮਾਲਕ ਨੂੰ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ।
ਤੁਹਾਡੇ ਲਈ ਨੋਟਿਸ ਦੇਣਾ ਜ਼ਰੂਰੀ ਹੈ।

ਜੇ ਤੁਸੀਂ ਨਿਯਮਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਜਿਨਾਂ ਚਿਰ ਚਾਹੋ, ਮਕਾਨ ਵਿਚ ਰਹਿ ਸਕਦੇ ਹੋ।

### Can my landlord put me out of my house?

**ਕੀ ਮੇਰਾ ਮਕਾਨ ਮਾਲਕ ਮੈਨੂੰ ਮਕਾਨ 'ਚੋਂ ਕਢ ਸਕਦਾ ਹੈ ?**

The landlord can only make you move out if you break the rules.

He has to take you to court to put you out.

ਮਕਾਨ ਮਾਲਕ ਕੇਵਲ ਤਾਂ ਹੀ ਤੁਹਾਨੂੰ ਮਕਾਨ 'ਚੋਂ ਕਢ ਸਕਦਾ ਹੈ, ਜੇਕਰ ਤੁਸੀਂ ਨਿਯਮਾਂ ਨੂੰ ਤੋੜਦੇ ਹੋ।

ਤੁਹਾਨੂੰ ਮਕਾਨ 'ਚੋਂ ਕਢਣ ਲਈ ਉਸਨੂੰ ਤੁਹਾਨੂੰ ਅਦਾਲਤ ਵਿਚ ਲਿਜਾਣਾ ਪਏਗਾ।